بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 16.12 .2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਪ ਸਲਲੱਾਹੁ ਅਲੈਹਿ ਵਸਲਮ ਦੇ ਦਾਇਰੇ ਤੋਂ ਬਾਹਰ ਨਿਕਲ ਕੇ ਕੋਈ ਨਬੀ ਨਹੀਂ ਆ ਸਕਦਾ, ਕੋਈ ਨਵੀਂ ਸ਼ਰੀਅਤ ਨਹੀਂ ਆ ਸਕਦੀ, ਜੇਕਰ ਅਸੀਂ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੂੰ ਮਸੀਹ ਤੇ ਮਹਦੀ ਹੋਣ ਦੀ ਸਥਿਤੀ ਵਿੱਚ ਨਬੀਂ ਵੀ ਮੰਨ੍ਹਦੇ ਹਾਂ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਦੀ ਗ਼ੁਲਾਮੀ ਵਿੱਚ ਰਖੱਦਿਆਂ ਹੋਇਆਂ ਮੰਨ੍ਹਦੇ ਹਾਂ ਅਤੇ ਇਹੋ ਪਹਿਲੇ ਧਾਰਮਕ ਵਿਦਵਾਨਾ ਦੀ ਆਸਥਾ ਸੀ ।

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 16 ਦਸੰਬਰ 2016 ਈ. ਨੂੰ ਮਸਜਿਦ ਫ਼ਜ਼ਲ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਕੱਲ ਅਸੀਂ ਇਸਲਾਮੀ ਮਹੀਨੇ ਰਬੀ-ਉਲ-ਅਵੱਲ ਵਿੱਚੋਂ ਲੰਘ ਰਹੇ ਹਾਂ । ਇਸਲਾਮੀ ਜਗਤ ਵਿਸ਼ੇਸ਼ ਰੂਪ ਵਿੱਚ ਭਾਰਤ ਪਾਕ ਵਿੱਚ ਇਸ ਮਹੀਨੇ ਦੀ ਮਹਤੱਾ ਇਸ ਲਈ ਹੈ ਕਿ ਮਿਤੀ 12 ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਜਨਮ ਹੋਇਆ ।  ਇਕ ਖੋਜ ਇਹ ਕਹਿੰਦੀ ਹੈ । ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਦਮ ਰਜ਼ੀ ਅਲੱਾਹ ਅਨਹੁ ਨੇ ''ਸਰੀਤ ਖ਼ਾਤਮਨੱਬੀਯੀਨ'' ਵਿੱਚ ਇਹ ਵੀ ਲਿੱਖਿਆ ਹੈ ਕਿ ਇਕ ਮਿਸਰੀ ਸਕਾਲਰ ਦੀ ਖੋਜ ਅਨੁਸਾਰ 9 ਰਬੀ-ਉਲ-ਅਵੱਲ ਬਣਦੀ ਹੈ । ਬਹਿਰਹਾਲ ਰਬੀਉਲ ਅਵੱਲ ਦਾ ਮਹੀਨਾ ਉਹ ਮਹੀਨਾ ਹੈ ਜਿਸ ਵਿੱਚ ਸਾਡੇ ਸਵਾਮੀ ਤੇ ਸਰਦਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਜਨਮ ਹੋਇਆ । ਪਰ ਮੁਸਲਮਾਨਾ ਦੀ ਹਾਲਤ ਉਪੱਰ ਦੁੱਖ ਹੈ ਕਿ ਇਹ ਦਿਨ ਤਾਂ ਮਨਾਉਂਦੇ ਹਨ ਮੁਹਸਨੇ ਇਨਸਾਨੀਯਤ ਤੇ ਸਰਿਆਂ ਜਹਾਨਾਂ ਲਈ ਰਹਿਮਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ ਪਰ ਮੁਸਲਮਾਨਾਂ ਦੇ ਦਿਲ ਆਪੋ (قلوبهم شتى) ਪਾਟੇ ਹੋਏ ਹਨ । ਰੱਬ ਤਾਂ ਮੁਸਲਮਾਨਾਂ ਦੇ ਆਪਸੀ ਸੰਬੰਧਾਂ ਵਿੱਚ ਵਿਸ਼ੇਸ਼ਤਾ ਪੂਰਨ ਵਰਨਣ ਕਰਦਾ ਹੈ ਕਿ

ਰੁਹਾਮਾਉ ਬੈਨਾਹੁਮ (رحماءبینھم) ਕਿ ਆਪੋ ਵਿੱਚ ਬਹੁਤ ਅਧਿਕ ਰਹਿਮ ਕਰਨ ਵਾਲੇ ਹਨ, ਪਰ ਇਹ ਰਹਿਮ ਤਾਂ ਦੂਰ ਦੀ ਗੱਲ ਹੈ ਇਕ ਦੂਜੇ ਦੇ ਲਹੂ ਦੇ ਪਿਆਸੇ ਹਨ ਬਹੁਤੇ । ਪ੍ਰਤਦਿਨ ਖ਼ਬਰਾਂ ਆਉਂਦੀਆਂ ਹਨ ਸੈਂਕੜੇ ਮੁਸਲਮਾਨ ਮੁਸਲਮਾਨਾਂ ਦੇ ਹੱਥੋਂ ਕਤਲ ਹੋ ਰਹੇ ਹਨ । ਇਹ ਗੱਲ ਇਹੋ ਜਿਹੀ ਜੋ ਰੱਬ ਨੂੰ ਅਤੇ ਉਸ ਦੇ ਰਸੂਲ ਨੂੰ ਅਤਿਅੰਤ ਨਾਪਸੰਦ ਹੈ । ਮੁਸਲਮਾਨ ਮੁਸਲਮਾਨ ਨੂੰ ਕਤਲ ਕਰ ਰਿਹਾ ਹੈ ਅਤੇ ਰੱਬ ਅਤੇ ਉਸ ਦੇ ਰਸੂਲ ਦੇ ਨਾਂ'ਤੇ ਕਤਲ ਕਰ ਰਿਹਾ ਹੈ । ਉਹ ਰੱਬ ਜੋ ਰਬੁੱਲ ਆਲਾਮੀਨ (ਸਾਰਿਆਂ ਜਹਾਨਾਂ ਦਾ ਰੱਬ) ਹੈ ਅਤੇ ਰਹਮਾਨ ਹੈ ਰਹੀਮ ਹੈ, ਉਹ ਰਸੂਲ ਜੋ ਰਹਮਾਤੁਲ ਲਿਲ ਆਲਾਮੀਨ (ਸਾਰਿਆਂ ਜਹਾਨਾਂ ਲਈ ਰਹਿਮਤ) ਹੈ, ਉਹਨਾਂ ਦੇ ਨਾਂ'ਤੇ ਜ਼ੁਲਮ ਤੇ ਅਤਿਆਚਾਰ ਦੀਆਂ ਉਧਾਰਣਾ ਬਣਾ ਕੇ ਬੇਕਸੂਰਾਂ, ਨਿਰਦੋਸ਼ਾਂ, ਇਸਤਰੀਆਂ, ਬੱਚਿਆਂ ਤੇ ਮਾਸੂਮਾਂ ਨੂੰ ਘਰੋ ਬੇ ਘਰ ਕੀਤਾ ਜਾ ਰਿਹਾ ਹੈ । ਭੁੱਖ ਨੰਗ ਵਿੱਚ ਧੱਕਿਆ ਜਾ ਰਿਹਾ ਹੈ, ਕਤਲ ਕੀਤਾ ਜਾ ਰਿਹਾ ਹੈ । ਭਾਵ ਇਹ ਰੱਬ ਤੇ ਰਸੂਲ ਦੇ ਨਾਂ'ਤੇ ਇਹ ਸਭ ਕੁਝ ਅਤਿਅੰਤ ਢੀਠਪੁਣੇ ਤੇ ਬੇਸ਼ਰਮੀ ਨਾਲ ਕੀਤਾ ਜਾ ਰਿਹਾ ਹੈ । ਰੱਬ ਤਾਂ ਫ਼ਰਮਾਉਂਦਾ ਹੈ ਕਿ ਇਕ ਮੁਸਲਮਾਨ ਦਾ ਜਾਣ ਬੁਝ ਕੇ ਕਤਲ ਤੁਹਾਨੂੰ ਨਰਕਾਂ ਵਿੱਚ ਲੈ ਜਾਵੇਗਾ । ਕਿਸੇ ਵੀ ਨਿਰਦੋਸ਼ ਦਾ ਕਤਲ ਕਰਕੇ ਤੁਸੀਂ ਨਰਕ ਦੀ ਅੱਗ ਤੋਂ ਬੱਚ ਨਹੀਂ ਸਕਦੇ । ਇਹ ਧਰਮ ਦੇ ਠੇਕੇਦਾਰ ਅਤੇ ਸਵਾਰਥੀ ਲੀਡਰ ਸਧਾਰਣ ਤੇ ਘੱਟ ਗਿਆਨ ਵਾਲੇ ਮੁਸਲਮਾਨਾਂ ਨੂੰ ਸਵਰਗਾਂ ਦਾ ਲਾਲਚ ਦੇ ਕੇ ਇਸ ਪ੍ਰਕਾਰ ਦੇ ਕੰਮਾ ਵਿੱਚ ਝੋਂਕ ਦਿੰਦੇ ਹਨ । ਇਸਲਾਮ ਨੂੰ ਇਸ ਪ੍ਰਕਾਰ ਦੇ ਲੋਕਾਂ ਨੇ ਇੰਨ੍ਹਾ ਬਦਨਾਮ ਕਰ ਦਿਤੱਾ ਹੈ ਕਿ ਅੱਜ ਗ਼ੈਰ ਮੁਸਲਿਮ ਦੁਨੀਆ ਵਿੱਚ ਇਸਲਾਮ ਦੇ ਨਾਂ ਤੋਂ ਪਹਿਲੀ ਕਲਪਨਾ ਜੋ ਗ਼ੈਰਾਂ ਦੇ ਮਨ ਵਿੱਚ ਉਭਰਦੀ ਹੈ ਉਹ ਜ਼ੁਲਮ ਤੇ ਅਤਿਆਚਾਰ ਹੈ । ਹਾਂ ਇਕ ਗੱਲ ਜਿਸ'ਤੇ ਇਹ ਅਖੌਤੀ ਮੁਸਲਮਾਨ ਲੀਡਰ ਇਕਤੱਰ ਹੋਕੇ ਜਾਂ ਮੌਲਵੀ ਇਕੱਠੇ ਹੋਕੇ ਇਕ ਦੂਜੇ ਨਾਲ ਸਹਿਯੋਗ ਦੀਆਂ ਗੱਲਾਂ ਤੇ ਤਲਕੀਨ ਕਰਦੇ ਹਨ ਅਤੇ ਉਹ ਗੱਲ ਉਹ ਹੈ ਜਿਸ ਦੇ ਵਿਰੁਧ ਰੱਬ ਨੇ ਅਤੇ ਉਸ ਦੇ ਰਸੂਲ ਨੇ ਆਦੇਸ਼ ਦਿੱਤਾ ਹੈ । ਰੱਬ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਸੀ ਕਿ ਜੱਦ ਮੁਸਲਮਾਨਾਂ ਦੀ ਅਜਿਹੀ ਹਾਲਤ ਹੋ ਜਾਵੇਗੀ, ਜੱਦ ਮੁਸਲਮਾਨਾਂ ਦੇ ਦਿਲ ਆਪੋ ਵਿੱਚ ਪਾਟ ਜਾਣਗੇ 'ਕੁਲੁਬੁਹੁਮ ਸ਼ਤੱਾ' (قلوبھم شتیٰ) ਦੀ ਹਾਲਤ ਹੋਵੇਗੀ, ਮੁਸਲਮਾਨ ਇਕ ਦੂਜੇ ਦੇ ਗੱਲ ਵਢੱਣਗੇ । ਮੁਸਲਮਾਨ ਸਵਾਰਥੀ ਮੌਲਵੀਆਂ ਕੋਲ ਜਿੰਨ੍ਹਾ ਪਾਸ ਇਹ ਸਮਝ ਕੇ ਕਿ ਉਹਨਾਂ ਕੋਲ ਸੁਮਾਰਗ ਹੈ, ਹਿਦਾਇਤ ਲਈ ਜਾਣਗੇ, ਉਹਨਾਂ ਮੌਲਵੀਆਂ ਦੀ ਵੀ ਇਹੋ ਹਾਲਤ ਹੋਵਗੀ ਕਿ ਉਹ ਵੀ ਇਹਨਾ ਹੀ ਕੰਮਾ ਵਿੱਚ ਰੁੱਝੇ ਹੋਣਗੇ, ਜੋ ਰੱਬ ਤੋਂ ਦੂਰ ਲੈ ਜਾਣ ਵਾਲੇ ਹਨ, ਸਗੋਂ ਉਹਨਾਂ ਦੀ ਸਾਧਾਰਣ ਲੋਕਾਂ ਤੋਂ ਵੀ ਮਾੜ੍ਹੀ ਹਾਲਤ ਹੋਵੇਗੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਸੀ ਕਿ 'ਉਲਮਾਉਹੁਮ ਸ਼ਰੁੱ ਮਨ ਤਹਤਾ ਐਦੀਮਿਸੱਮਾਇ' (علماۂھم شر من تحت ادیم السماء)

ਅਰਥਾਤ ''ਆਕਾਸ਼ ਹੇਠ ਵਸੱਣ ਵਾਲੀ ਮਖ਼ਲੂਕ ਵਿੱਚੋਂ ਸਭ ਤੋਂ ਮਾੜੀ ਮਖ਼ਲੂਕ ਹੋਣਗੇ'' ਕਿਉਂ, ਇਹ ਇਸ ਲਈ ਫ਼ਰਮਾਇਆ ਕਿ ਇਹ ਫਿਤਨੇ ਪੈਦਾ ਕਰਨ ਵਾਲੇ ਹੋਣਗੇ, ਇਹਨਾਂ ਵਿੱਚੋਂ ਫ਼ਿਤਨੇ ਫੁਟੱਣਗੇ ਅਤੇ ਇਹੋ ਅੱਜ ਅਸੀਂ ਬਹੁਤੇ ਮੌਲਵੀਆਂ ਵਿੱਚ ਦੇਖ ਰਹੇ ਹਾਂ ਕਿ ਅੱਗ ਬੁਝਾਉਣ ਦੀ ਥਾਂ ਅੱਗ ਲਾਉਣ ਵਾਲੇ ਹਨ । ਸੋ, ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਸ ਦਾ ਚਿਤੱਰ ਖਿੱਚਕੇ ਦੱਸਿਆ ਸੀ ਕਿ ਇਸਲਾਮ ਦਾ ਦਰਦ ਰਖੱਣ ਵਾਲੇ ਮੁਸਲਮਾਨ ਨਿਰਾਸ਼ ਨ ਹੋਣ, ਅਜਿਹੇ ਸਮੇਂ ਮਸੀਹ ਮੌਊਦ ਤੇ ਮਹਦੀ ਮਾਹੂਦ ਆਉਣਗੇ ਜੋ ਆਪਣੇ ਆਕਾ ਤੇ ਸਵਾਮੀ ਦੀ ਸੰਪੂਰਨ ਅਧੀਨਗੀ ਵਿੱਚ ਮੁਸਲਮਾਨਾਂ ਨੂੰ ਵੀ ਅਤੇ ਗ਼ੈਰ ਮੁਸਲਮਾਨਾਂ ਨੂੰ ਇਸਲਾਮ ਦੀ ਵਾਸਤਵਿਕ ਸੱਚੀ ਸਿੱਖਿਆ ਨਾਲ ਜਾਣੂ ਕਰਾਉਣਗੇ ਅਤੇ ਇਸਲਾਮ ਦੀ ਸੁੰਦਰ ਤੇ ਪ੍ਰਕਾਸ਼ਮਈ ਸਿੱਖਿਆ ਨਾਲ ਦੁਨੀਆ ਨੂੰ ਪ੍ਰਕਾਸ਼ਮਈ ਕਰਨਗੇ । ਇਕ ਵਾਰ ਫਿਰ ਇਕ ਉਮੱਤ (ਜਮਾਤ) ਬਨਾਉਣਗੇ, ਪਰ ਜਿਵੇਂ ਕਿ ਮੈਂ ਕਿਹਾ ਇਸੇ ਗੱਲ ਤੋਂ ਮੌਲਵੀ ਇਨਕਾਰੀ ਹਨ ਅਤੇ ਲੋਕਾਂ ਨੂੰ ਵੀ,

ਸਾਧਾਰਣ ਮੁਸਲਮਾਨਾਂ ਨੂੰ ਵੀ ਗ਼ਲਤ ਗਲੱਾਂ ਦੱਸ ਕੇ ਫ਼ਸਾਦ ਦੀ ਅਵਸਥਾ ਪੈਦਾ ਕਰਨ ਦਾ ਜਤਨ ਕਰਦੇ ਹਨ, ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹਨ ਅਤੇ ਉਹਨਾਂ ਨੂੰ ਉਹ ਗੱਲਾਂ ਫ਼ਸਾਦ ਕਰਨ ਦੀਆਂ ਦਸੱਦੇ ਹਨ ਕਿ ਜਿੰਨ੍ਹਾਂ ਦਾ ਕੋਈ ਵੂਜੂਦ ਹੀ ਨਹੀਂ ਹੈ ।

ਹਰ ਮੁਸਲਮਾਨ ਦਾ ਇਹ ਅਕੀਦਾ ਹੈ ਅਤੇ ਉਸ'ਤੇ ਕਾਮਲ ਇਮਾਨ ਤੋਂ ਬਿਨਾਂ ਕੋਈ ਮੁਸਲਮਾਨ ਮੁਸਲਮਾਨ ਅਖਵਾ ਹੀ ਨਹੀਂ ਸਕਦਾ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਖ਼ਾਤਮਨੱਬੀਯੀਨ ਹਨ ਅਤੇ ਆਪ ਉਪੱਰ ਸ਼ਰੀਅਤ ਕਾਮਲ ਹੋ ਚੁੱਕੀ ਹੈ ਪਰ ਇਹ ਫਸਾਦ ਪੈਦਾ ਕਰਨ ਵਾਲੇ ਸਵਾਰਥੀ ਮੌਲਵੀ ਸਾਧਾਰਣ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਇਸ ਗੱਲ ਨਾਲ ਭੜਕਾਉਂਦੇ ਹਨ ਕਿ ਅਹਮਦੀ ਖ਼ਤਮੇ ਨਬੁਵੱਤ ਉਪੱਰ ਇਮਾਨ ਨਹੀ ਰਖੱਦੇ । ਇਸ'ਤੇ ਸਿਵਾਏ ਇਨੱਾ ਲਿਲੱਾਹ (إِنَّالِلّٰهِ) ਪੜ੍ਹ ਕੇ ਲਾਨਾਤੁਲੱਾਹਿ ਅਲਲ ਕਾਜ਼ਿਬੀਨ (لعنت اللّٰه على الكاذبين) ਕਿਹਾ ਜਾਵੇ ਇਸ ਤੋਂ ਬਿਨਾ ਹੋਰ ਕੁਝ ਨਹੀਂ ਕਿਹਾ ਜਾ ਸਕਦਾ, ਜੋ ਅਹਮਦੀ ਅਖਵਾਉਂਦਿਆਂ ਹੋਇਆਂ ਫਿਰ ਇਸ ਗੱਲ'ਤੇ ਇਮਾਨ ਨਹੀਂ ਰਖੱਦਾ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਖ਼ਾਤਾਮੰਨਬੀਯੀਨ ਹਨ ਉਹ ਅਪਰਾਧੀ, ਬਦਚਲਨ ਅਤੇ ਇਸਲਾਮ ਦੇ ਦਾਇਰੇ ਤੋਂ ਬਹਾਰ ਹੈ ਅਤੇ ਅਹਮਦੀਆ ਮੁਸਲਿਮ ਜਮਾਤ ਨਾਲ ਅਜਿਹੇ ਵਿਅਕਤੀ ਦਾ ਕੋਈ ਸੰਬੰਧ ਨਹੀਂ ਹੈ । ਹਾਂ ਇਹ ਗੱਲ ਜ਼ਰੂਰ ਹੈ ਕਿ ਅਹਮਦੀ ਖ਼ਤਮੇ ਨਬੁਵੱਤ ਦੀ ਉਹ ਪਰਿਭਾਸ਼ਾ ਕਰਦੇ ਹਨ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਆਪ ਕੀਤੀ ਸੀ ਅਤੇ ਜਿਸ ਨੂੰ ਕੁਰਆਨ ਕਰੀਮ ਵਿੱਚ ਵੀ ਰੱਬ ਨੇ ਵਰਨਣ ਕੀਤਾ ਹੈ । ਹੁਣ ਕੋਈ ਨਬੀ ਨਹੀਂ ਆ ਸਕਦਾ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਗ਼ੁਲਾਮੀ ਅਤੇ ਆਪ ਜੀ ਦੀ ਲਿਆਂਦੀ ਹੋਈ ਸ਼ਰੀਅਤ ਤੋਂ ਬਾਹਰ ਹੋਵੇ । ਇਕ ਮੌਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਅਬੂਬਕਰ ਇਸ ਉਮੱਤ ਵਿੱਚ ਸਭ ਤੋਂ ਅਫ਼ਜ਼ਲ (ਬਿਹਤਰ) ਹਨ, ਸਿਵਾਏ ਇਸਦੇ ਕਿ ਕੋਈ ਨਬੀ ਪ੍ਰਕਟ ਹੋਵੇ । ਸੋ ਆਪ ਨੇ ਨਬੁਵੱਤ ਦਾ ਮਾਰਗ ਬੰਦ ਨਹੀਂ ਕੀਤਾ, ਪਰ ਆਪ ਸਲਲੱਾਹੁ ਅਲੈਹਿ ਵਸਲਮ ਦੇ ਦਾਇਰੇ ਤੋਂ ਬਾਹਰ ਨਿਕਲ ਕੇ ਕੋਈ ਨਬੀ ਨਹੀਂ ਆ ਸਕਦਾ, ਕੋਈ ਨਵੀਂ ਸ਼ਰੀਅਤ ਨਹੀਂ ਆ ਸਕਦੀ ਅਤੇ ਅਸੀਂ ਜੇਕਰ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੂੰ ਮਸੀਹ ਮੌਊਦ ਮੰਨਦਿਆਂ ਹੋਇਆਂ ਨਬੀ ਦਾ ਦਰਜਾ ਦਿੰਦੇ ਹਾਂ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਗ਼ੁਲਾਮੀ ਦੇ ਤੁਫ਼ੈਲ (ਹੇਠ) ।

12 ਰਬੀਉਲ ਅਵੱਲ ਰਸਾਲਤ ਦੀ ਮਰਿਆਦਾ ਅਤੇ ਖ਼ਤਮੇ ਨਬੁਵੱਤ ਦੇ ਨਾਂ'ਤੇ ਪਾਕਿਸਤਾਨ ਵਿੱਚ ਕੁਝ ਦਿਨ ਪਹਿਲਾਂ ਦੋਲਮੀਆਂ ਵਿੱਚ ਗੁੰਡਿਆਂ ਅਤੇ ਮੌਲਵੀਆਂ ਨੇ ਇਕੱਠੇ ਹੋਕੇ ਜਲੂਸ ਕੱਢਿਆ ਅਤੇ ਸਾਡੀ ਮਸਜਿਦ ਉਪੱਰ ਹਮਲਾ ਕੀਤਾ । ਮਸਜਿਦ ਦੇ ਅੰਦਰ ਅਹਮਦੀ ਸਨ, ਅਹਮਦੀਆਂ ਨੇ ਉਹਨਾਂ ਨੂੰ ਅੰਦਰ ਨਹੀਂ ਆਣ ਦਿੱਤਾ । ਅੰਦਰੋਂ ਦਰਵਾਜ਼ੇ ਬੰਦ ਸਨ, ਪਰੰਤੂ ਪੁਲਿਸ ਦੇ ਕਹਿਣ'ਤੇ ਜੱਦ ਅਹਮਦੀਆਂ ਨੇ ਦਰਵਾਜੇ ਖੋਲੇ ਇਸ ਜ਼ਮਾਨਤ ਉਪੱਰ ਕਿ ਪੁਲਿਸ ਵਾਲੇ ਮਸਜਿਦ ਦੀ ਸੁਰੱਖਿਆ ਕਰਨਗੇ । ਉਸ ਸਮੇਂ ਇਹ ਹੁਲੱੜਬਾਜ਼ ਮਸਜਿਦ ਵਿੱਚ ਦਾਖ਼ਲ ਹੋ ਗਏ ਅਤੇ ਪੁਲਿਸ ਇਕ ਪਾਸੇ ਹੋ ਗਈ ਅਤੇ ਫਿਰ ਇਹਨਾਂ ਨੇ ਮਸਜਿਦ ਦਾ ਸਾਮਾਨ ਬਾਹਰ ਕਢੱਕੇ ਸਾੜ੍ਹਿਆ ਅਤੇ ਇਉਂ ਇਹਨਾਂ ਨੇ ਆਪਣੇ ਭਰਮ ਵਿੱਚ ਇਸਲਾਮ ਦੀ ਬਹੁਤ ਸੇਵਾ ਕੀਤੀ । ਬਹਿਰਹਾਲ ਅਸੀਂ ਕਾਨੂਨ ਨਾਲ ਨਹੀਂ ਲੜਨਾ, ਨ ਹੀ ਅਸੀਂ ਲੜਦੇ ਹਾਂ । ਜਿੱਥੋਂ ਤੱਕ ਭੌਤਕ ਚੀਜਾਂ ਦਾ ਪ੍ਰਸ਼ਨ ਹੈ ਸਾਨੂੰ ਇਸ ਦੀ ਕੋਈ ਪਰਵਾਹ ਨਹੀਂ । ਠੀਕ ਹੈ ਨੁਕਸਾਨ ਕੀਤਾ, ਕਰ ਦੇਣ । ਹਾਂ ਆਪਣੇ ਅਕੀਦੇ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਕਾਮਲ ਇਮਾਨ ਲਿਆਉਣ ਦਾ ਅਤੇ ਤੌਹੀਦ (ਇਕ ਈਸ਼ਵਰਵਾਦ) ਨੂੰ ਆਪਣੇ ਦਿਲਾਂ ਵਿੱਚ ਗਢੱਣ ਦਾ ਜਿੱਥੋਂ ਤੱਕ ਪ੍ਰਸ਼ਨ ਹੈ ਅਸੀਂ ਆਪਣੀਆਂ ਜਾਨਾਂ ਵਾਰ ਸਕਦੇ

ਹਨ ਪਰ ਉਸ ਤੋਂ ਹਟੱਣ ਵਾਲੇ ਨਹੀਂ । ਪਰ ਅਸੀਂ ਇਹੋ ਕਹਿੰਦੇ ਆਏ ਹਨ ਅਤੇ ਇਸ ਖ਼ਾਤਰ ਕੁਰਬਾਨੀਆਂ ਵੀ ਦਿੰਦੇ ਆਏ ਹਨ ਕਿ ਅਸੀਂ 'ਲਾ ਇਲਾਹਾ ਇਲੱਲੱਾਹੁ ਮੁਹਮੱਾਦੁਰੱਸੂਲੁਲੱਾਹਿ' ( لَا اِلٰہَ اِلَّا اللّٰہُ مُحَمَّدٌ رَّسُوْلُ اللّٰہِ) ਦੀ ਘੋਸ਼ਣਾ ਤੋਂ ਪਿਛਾਂ ਹਟਣ ਵਾਲੇ ਨਹੀਂ । ਇਹ ਲੋਕ ਤਾਂ ਰਸਮੀ ਤੌਰ'ਤੇ ਮਿਲਾਦ ਬਨਾਉਂਦੇ ਹਨ, ਰਸਮੀ ਤੌਰ'ਤੇ ਇਕੱਠੇ ਹੁੰਦੇ ਹਨ, ਭਾਸ਼ਣ ਦਿੰਦੇ ਹਨ, ਭਾਸ਼ਣ ਵੀ ਇਹਨਾਂ ਦੇ ਬਹੁਤੇ ਉਹ ਹਨ ਜੋ ਪਾਕਿਸਤਾਨ ਵਿੱਚ ਸਿਵਾਏ ਅਹਮਦੀਆਂ ਨੂੰ ਗਾਲ੍ਹਾਂ ਕਢੱਣ ਦੇ ਹੋਰ ਕੁਝ ਨਹੀਂ ਹੁੰਦਾ । ਵਕਤੀ ਤੌਰ'ਤੇ ਇਕ ਜੋਸ਼ ਕੱਢ ਲੈਂਦੇ ਹਨ ਗੰਦੀ ਬਕਵਾਸ ਕਰਕੇ ਅਤੇ ਇਹ ਸਮਝਦੇ ਹਨ ਕਿ ਇਸ ਨਾਲ ਉਹਨਾਂ ਨੇ ਇਸਲਾਮ ਦੀ ਬਹੁਤ ਸੇਵਾ ਕਰ ਲਈ ਹੈ । ਪਰ ਅਸਲ ਵਿੱਚ ਸੇਵਾ ਦਾ ਬੀੜਾ ਤਾਂ ਜਮਾਤ ਅਹਮਦੀਆਂ ਨੇ ਉਸ ਸਮੇਂ ਤੋਂ ਚੁੱਕਿਆ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਦਾਵਾ ਕੀਤਾ ਅਤੇ ਆਪ ਨੇ ਇਹੋ ਫ਼ਰਮਾਇਆ ਕਿ ਤੌਹੀਦ ਨੂੰ ਅਤੇ ਹਜ਼ਜਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਨਮਾਨ ਨੂੰ ਮੁੜ ਕਾਇਮ ਕਰਨ ਲਈ ਆਇਆ ਹਾਂ, ਇਸਲਾਮ ਦਾ ਪੁਨਰ ਉਥੱਾਨ ਮੇਰੇ ਰਾਹੀਂ ਹੋਣਾ ਹੈ ਫਿਰ, ਅਤੇ ਫਿਰ ਦੂਜੀ ਖ਼ਿਲਾਫ਼ਤ ਸਮੇਂ ਜੱਦ ਇਕ ਸਮੇਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਵਿਰੁਧ ਗ਼ੈਰ ਮੁਸਮਲਾਮਾਨਾਂ ਨੇ ਅਖ਼ਬਾਰਾਂ ਤੇ ਕਿਤਾਬਾਂ ਵਿੱਚ ਬੇਹੂਦਾ ਤੇ ਝੂਠੀਆਂ ਗਲੱਾਂ ਕੀਤੀਆਂ । ਅਤਿਅੰਤ ਗੰਦੀ ਭਾਸ਼ਾ ਦੀ ਵਰਤੋਂ ਕਰਦਿਆਂ ਹੋਇਆਂ ਲਿਖੱਣਾ ਸ਼ੁਰੂ ਕੀਤਾ, ਉਸ ਸਮੇਂ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੇ ਬਹੁਤ ਵੱਡੇ ਪਧੱਰ'ਤੇ ਭਾਰਤ ਵਿੱਚ ਕਾਨਫ਼੍ਰੰਸਾਂ ਆਯੋਜਤ ਕੀਤੀਆਂ ਅਤੇ ਅਹਮਦੀਆਂ ਅਤੇ ਗ਼ੈਰ ਅਹਮਦੀ ਮੁਸਲਮਾਨਾਂ ਸਾਰਿਆਂ ਨੂੰ ਕਿਹਾ ਕਿ ਹੁਣ ਇਹ ਸਮਾਂ ਹੈ ਮਤਿਭੇਤ ਛੱਡਕੇ ਇਕੱਠੇ ਹੋਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਅਤੇ ਇਸਲਾਮ ਦੀ ਰੱਖਿਆ ਕਰੋ ਅਤੇ ਵੱਡੇ ਪਧੱਰ'ਤੇ ਆਪ ਨੇ ਇਸਨੂੰ ਅਰੰਭ ਕੀਤਾ, ਸਗੋਂ ਆਪਨੇ ਗ਼ੈਰ ਮੁਸਮਲਮਾਨਾਂ ਨੂੰ ਵੀ ਨਿਮੰਤਰਣ ਦਿੱਤਾ ਕਿ ਜੋ ਭਲੇ ਪੁਰੁਖ ਗ਼ੈਰ ਮੁਸਲਿਮ ਸਨ । ਮੁਸਲਮਾਨਾ ਦੇ ਤਾਂ ਇਮਾਨ ਦਾ ਹਿਸੱਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਕਾਮਲ ਇਮਾਨ ਲਿਆਉਣ ਅਤੇ ਆਪ ਜੀ ਦਾ ਸਨਮਾਨ ਅਤੇ ਮਰਿਆਦਾ ਦੀ ਸੁਰੱਖਿਆ ਕਰਨ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਨੇ ਫ਼ਰਮਾਇਆ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਉਪਕਾਰ ਤਾਂ ਸਾਰੀ ਦੁਨੀਆ ਉਪੱਰ ਹਨ ਆਪ ਤਾਂ ਰਹਮਾਤੁਲ ਲਿਲਆਲਾਮੀਨ ਹਨ । ਇਸ ਲਈ ਗ਼ੈਰ ਮੁਸਲਿਮ ਵੀ ਜੋ ਭਲੇ ਪੁਰੁਸ਼ ਹਨ, ਉਹ ਵੀ ਆਪ ਦੇ ਜੀਵਨ ਚਰਿਤ੍ਰ ਵਰਨਣ ਕਰਨ । ਇਉਂ ਅਨੇਕਾਂ ਹੀ ਪੜ੍ਹੇ ਲਿਖੇ ਲੋਕਾਂ ਨੇ ਜਿੰਨ੍ਹਾਂ ਵਿੱਚ ਹਿੰਦੂ ਵੀ ਸਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਜੀਵਨ ਚਰਿਤ੍ਰ ਉਪੱਰ ਆਪਣੇ ਲੇਖ ਲਿਖੇ । ਕਾਦੀਆਂ ਵਿੱਚ ਜੱਦ ਪਹਿਲਾ ਜਲਸਾ 1928 ਈ ਵਿੱਚ ਹੋਇਆ ਤਾਂ ਹਿੰਦੂ ਕਵੀਆਂ ਦੀਆਂ ਦੋ ਨਾਅਤਾਂ (ਕਵਿਤਾਵਾਂ) ਪੜ੍ਹੀਆਂ ਗਈਆਂ ਇਸ ਵਿੱਚ ਸਾਰੇ ਭਾਰਤ ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਦੀ ਤਹਿਰੀਕ ਉਪੱਰ ਜੀਵਨ ਚਰਿਤ੍ਰ ਉਪੱਰ ਅਧਾਰਤ ਕਾਨਫ਼੍ਰੰਸਾ ਆਯੋਜਤ ਹੋਈਆਂ ਅਤੇ ਦ੍ਰਿਸ਼ਟੀਕੋਣੀ ਮਤਿਭੇਤ ਹੁੰਦਿਆਂ ਹੋਇਆਂ ਵੀ ਅਤੇ ਅਕੀਦਿਆਂ ਦੇ ਖ਼ਿਲਾਫ਼ ਹੁੰਦਿਆਂ ਹੋਇਆਂ ਵੀ ਅਨੇਕਾਂ ਹੀ ਅਜਿਹੇ ਸਨ ਜਿੰਨ੍ਹਾ ਨੇ ਇਸ ਮਨਸੂਬੇ ਨੂੰ ਅਤੇ ਇਸ ਜਤਨ ਨੂੰ ਸਫ਼ਲ ਬਣਾਇਆ । ਅਖ਼ਬਾਰਾਂ ਨੇ ਇਸ ਉਪੱਰ ਤਬਸਰੇ ਤੇ ਟਿਪੱਣੀਆਂ ਵੀ ਪ੍ਰਕਾਸ਼ਤ ਕੀਤੀਆਂ ।

ਅਲਫ਼ਜ਼ਲ ਨੇ ਵਿਸ਼ੇਸ਼ ਰੂਪ ਵਿੱਚ ਇਸ ਸਮੇਂ ਖ਼ਾਤਮਨੱਬੀਯੀਨ ਨੰਬਰ ਪ੍ਰਕਾਸ਼ਤ ਕੀਤਾ ਅਤੇ ਇਸ ਦੇ ਬਾਦ ਤੋਂ ਜਮਾਤ ਅਹਮਦੀਆ ਮੁਸਲਿਮ ਤਾਂ ਬਕਾਇਦਾ ਸੀਰਾਤੁਨੱਬੀ ਦੇ ਜਲਸੇ ਆਯੋਜਤ ਕਰਦੀ ਹੈ । ਆਪ ਨੇ ਚਾਰ ਪੰਜ ਨੁਕਤੇ ਦਿੱਤੇ ਸਨ, ਜਿੰਨ੍ਹਾ ਵਿਚ ਇਕ ਇਹ ਵੀ ਸੀ ਕਿ ਬਜਾਏ ਕੇਵਲ 12 ਰਬੀਉਲ ਅਵੱਲ ਦੇ ਸਾਰਾ ਸਾਲ ਵੱਖ ਵੱਖ ਸਮਿਆਂ ਵਿੱਚ ਸੀਰਾਤੁਨੱਬੀ ਸਲਲੱਾਹੁ ਅਲੈਹਿ ਵਸਲਮ ਦੇ ਜਲਸੇ ਆਯੋਜਤ ਹੋਣੇ ਚਾਹੀਦੇ ਹਨ । ਬਹਿਰਹਾਲ ਇਹ ਜਮਾਤ

ਅਹਮਦੀਆ ਦਾ ਇਤਿਹਾਸ ਹੈ ਅਤੇ ਜਲਸੇ ਆਯੋਜਤ ਹੁੰਦੇ ਹਨ ਅਤੇ ਹੁਣ ਤਾਂ ਰੱਬ ਦੀ ਮਿਹਰ ਨਾਲ ਦੁਨੀਆ ਦੇ ਦੋ ਸੌ ਤੋਂ ਵੱਧ ਦੇਸ਼ਾਂ ਵਿੱਚ ਜਿੱਥੇ ਅਹਮਦੀਆ ਮੁਸਲਿਮ ਜਮਾਤ ਕਾਇਮ ਹੋ ਚੁਕੀ ਹੈ ਇਹ ਜਲਸੇ ਆਯੋਜਤ ਕੀਤੇ ਜਾਂਦੇ ਹਨ ਅਤੇ ਇੰਸ਼ਾਅਲੱਾਹ ਅਹਮਦੀ ਹੀ ਹਨ ਅਤੇ ਹਮੇਸ਼ਾ ਰਹਿਣਗੇ ਜੋ ਖ਼ਤਮੇ ਨਬੁਵੱਤ ਦਾ ਉਚਿਤ ਮੁਕਾਮ ਤੇ ਸਥਾਨ ਰਖੱਦੇ ਹਨ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਉਚਿਤ ਮੁਕਾਮ ਤੋਂ ਦੁਨੀਆਂ ਨੂੰ ਜਾਣੂ ਕਰਵਾ ਰਹੇ ਹਨ । ਇਹ ਇਸ ਲਈ ਕਿ ਸਾਨੂੰ ਇਸ ਜ਼ਮਾਨੇ ਦੇ ਇਮਾਮ ਮਸੀਹ ਮੌਊਦ ਤੇ ਮਹਦੀ ਮਾਹੂਦ ਅਲੈਹਿ ਸਲਾਮ ਦੇ ਦੱਸਿਆ ਕਿ ਜੇਕਰ ਰੱਬ ਤੱਕ ਪਹੁੰਚਣਾ ਹੈ ਤਾਂ ਹਜ਼ਰਤ ਮੂਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਦਾਮਨ ਫੜੋ ਕਿ ਆਪ ਹੀ ਹਨ ਜੋ ਹੁਣ ਮੁਕਤੀ ਦਾ ਮਰਗ ਹਨ ਅਤੇ ਕੋਈ ਦੂਜਾ ਸਾਧਨ ਨਹੀਂ । ਆਪ ਨੇ ਵੀ ਕਦੇ ਆਪਣੇ ਆਪ ਨੂੰ ਵਡੱਾ ਨਹੀਂ ਸਾਬਤ ਕੀਤਾ ਹਮੇਸ਼ਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਵੱਡਿਆਈ ਹੀ ਵਰਨਣ ਕੀਤੀ । ਇਸ ਆਰੋਪ ਨੂੰ ਰੱਦ ਕਰਦਿਆਂ ਹੋਇਆਂ ਕਿ ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਾਮਨੱਬੀਯੀਨ ਨਹੀਂ ਮਨ੍ਹਦੇ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਇਹ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਮੇਰੇ ਉਪੱਰ ਅਤੇ ਮੇਰੀ ਜਮਾਤ ਉਪੱਰ ਜੋ ਇਹ ਆਰੋਪ ਲਾਇਆ ਜਾਂਦਾ ਹੈ ਕਿ ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਾਤਮੰਨਬੀਯੀਨ ਨਹੀਂ ਮਨ੍ਹੰਦੇ ਇਹ ਸਾਡੇ'ਤੇ ਝੂਠਾ ਮਹਾਂ ਆਰੋਪ ਹੈ । ਅਸੀਂ ਜਿਸ ਤਾਕਤ, ਵਿਸ਼ਵਾਸ, ਮਆਰਫ਼ਤ ਤੇ ਦ੍ਰਿਸ਼ਟੀ ਅਨੁਸਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਖਾਤਾਮੁਲ ਅੰਬਿਆ ਮੰਨ੍ਹਦੇ ਹਾਂ ਅਤੇ ਯਕੀਨ ਕਰਦੇ ਹਾਂ ਉਸ ਦਾ ਲਖੱਵਾਂ ਭਾਗ ਵੀ ਦੂਜੇ ਲੋਕ ਨਹੀਂ ਮਨ੍ਹਦੇ ਅਤੇ ਉਹਨਾਂ ਦਾ ਅਜਿਹਾ ਬੋਧ ਹੀ ਨਹੀਂ ਹੈ ਕਿ ਉਹ ਇਸ ਹਕੀਕਤ ਅਤੇ ਭੇਤ ਨੂੰ ਜੋ ਖ਼ਾਤਾਮੁਲ ਅੰਬਿਆ ਦੀ ਖ਼ਤਮੇ ਨਬੁਵੱਤ ਵਿੱਚ ਹੈ, ਸਮਝਦੇ ਹੀ ਨਹੀਂ ਸਮਝਦੇ । ਉਹਨਾ ਨੇ ਕੇਵਲ ਬਾਪ ਦਾਦਿਆਂ ਤੋਂ ਇਕ ਸ਼ਬਦ ਸੁਣਿਆ ਹੋਇਆ ਹੈ, ਪਰ ਉਸ ਦੀ ਹਕੀਕਤ ਤੋਂ ਅਣਜਾਣ ਹਨ ਅਤੇ ਨਹੀਂ ਜਾਣਦੇ ਕਿ ਖ਼ਤਮੇ ਨਬੁਵੱਤ ਕੀ ਹੁੰਦਾ ਹੈ ਅਤੇ ਇਸ ਉਪੱਰ ਇਮਾਨ ਲਿਆਉਣ ਦਾ ਕੀ ਭਾਵ ਹੈ । ਪਰ ਅਸੀਂ ਪੂਰਨ ਦ੍ਰਿਸ਼ਟੀ ਰਾਹੀਂ ਜਿਸ ਨੂੰ ਰੱਬ ਚੰਗੀ ਤਰ੍ਹਾਂ ਜਾਣਦਾ ਹੈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਖਾਤਾਮੁਲ ਅੰਬਿਆ ਯਕੀਨ ਕਰਦੇ ਹਾਂ ਅਤੇ ਰੱਬ ਨੇ ਖ਼ਤਮੇ ਨਬੁਵੱਤ ਦੀ ਹਕੀਕਤ ਨੂੰ ਅਜਿਹੇ ਰੂਪ ਵਿੱਚ ਖੋਲ ਦਿਤੱਾ ਹੈ ਕਿ ਇਸ ਇਲਾਹੀ ਮਆਰਫ਼ਤ ਦੇ ਸ਼ਰਬਤ ਨਾਲ ਜੋ ਸਾਨੂੰ ਪਿਲਾਇਆ ਗਿਆ ਹੈ ਇਸ ਵਿਸ਼ੇਸ਼ ਆਨੰਦ ਪ੍ਰਾਪਤ ਕਰਦੇ ਹਾਂ ਜਿਸ ਦਾ ਅੰਦਾਜ਼ਾਂ ਕੋਈ ਨਹੀਂ ਕਰ ਸਕਦਾ, ਸਿਵਾਏ ਉਹਨਾਂ ਲੋਕਾਂ ਦੇ ਜੋ ਇਸ ਸੋਮੇ ਤੋਂ ਸਿੰਚਿਤ ਹੋਣ ।

ਸੋ, ਜੋ ਸਾਨੂੰ ਖ਼ਤਮੇ ਨਬੁਵੱਤ ਦਾ ਇਨਕਾਰੀ ਸਮਝਦੇ ਹਨ, ਉਹ ਆਪ ਅੰਨ੍ਹੇ ਹਨ ਅਤੇ ਉਹਨਾਂ ਦੇ ਦਿਲ ਖੋਖਲੇ ਹਨ ਸਿਵਾਏ ਨਾਰੇ ਬਾਜ਼ੀ ਅਤੇ ਫਿਤਨੇ ਫ਼ਸਾਦ ਦੇ ਅਤੇ ਤੋੜ ਫੋੜ ਦੇ ਉਹਨਾਂ ਕੋਲ ਹੈ ਹੀ ਕੀ । ਕੀ ਇਸਲਾਮ ਦਾ ਜੋ ਸੰਦੇਸ਼ ਇਸ ਸਮੇਂ ਅਹਮਦੀਆ ਮੁਸਇਲਮ ਜਮਾਤ ਦੁਨੀਆ ਵਿੱਚ ਫੈਲਾ ਰਹੀ ਹੈ, ਉਹ ਇਸ ਗੱਲ ਦੀ ਦਲੀਲ ਨਹੀਂ ਹੈ ਕਿ ਹਜ਼ਰਤ ਖ਼ਾਤਾਮੁਲ ਅੰਬਿਆ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਮ ਦੀ ਆਪਣੀ ਉਮੱਤ ਲਈ ਮੰਗੀਆਂ ਗਈਆਂ ਦੁਆਵਾਂ ਵਿੱਚੋਂ ਮਸੀਹ ਮੌਊਦ ਦੀ ਜਮਾਤ ਹੀ ਹਿਸੱਾ ਲੈ ਰਹੀ ਹੈ ।

ਫਿਰ ਖ਼ਤਮੇ ਨਬੁਵੱਤ ਦੀ ਹਕੀਕਤ ਨੂੰ ਵਰਨਣ ਕਰਦਿਆਂ ਹਇਆਂ ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਵਰਨਣ ਕਰਦੇ ਹਨ ਕਿ

ਸਾਨੂੰ ਰੱਬ ਨੇ ਉਹ ਨਬੀ ਸਲਲੱਾਹੁ ਅਲੈਹਿ ਵਸਲਮ ਦਿਤੱਾ ਜੋ ਖ਼ਾਤਾਮੁਲ ਮੋਮਿਨੀਨ, ਖ਼ਾਤਾਮੁਲ ਆਰਫ਼ੀਨ ਅਤੇ ਖ਼ਾਤਾਮੁਨੱਬੀਯੀਨ ਹੈ ਅਤੇ ਇਸੇ ਪ੍ਰਕਾਰ ਉਹ ਕਿਤਾਬ ਉਸ ਉਪੱਰ ਨਾਜ਼ਿਲ ਕੀਤੀ ਜੋ ਸੰਪੂਰਨ ਕਿਤਾਬ ਤੇ ਖ਼ਾਤਾਮੁਲ

ਕੁਤੁਬ ਹੈ । ਰਸੂਲੁਲੱਾਹ ਸਲਲਾਹੁ ਅਲੈਹਿ ਵਸਲਮ ਜੋ ਖ਼ਾਤਾਮੰਨਬੀਯੀਨ ਹਨ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਉਪੱਰ ਨਬੁਵੱਤ ਖ਼ਤਮ ਹੋ ਗਈ ਹੈ ਤਾਂ ਇਹ ਨਬੁਵੱਤ ਇਸ ਪ੍ਰਕਾਰ ਖ਼ਤਮ ਨਹੀਂ ਹੋਈ ਹੈ ਜਿਵੇਂ ਕਿ ਕੋਈ ਗੱਲ ਘੁੱਟਕੇ ਖ਼ਤਮ ਕਰੇ । ਅਜਿਹਾ ਖ਼ਤਮ ਫ਼ਖ਼ਰ ਯੋਗ ਨਹੀਂ ਹੁੰਦਾ ਸਗੋਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਉਪੱਰ ਨਬੁਵੱਤ ਖ਼ਤਮ ਹੋਣ ਤੋਂ ਇਹ ਭਾਵ ਹੈ ਕਿ ਸੁਭਾਵਕ ਤੋਰ'ਤੇ ਆਪ ਸਲਲੱਾਹੁ ਅਲੈਹਿ ਵਸਲਮ ਉਪੱਰ ਨਬੁਵਤ ਦੇ ਸਾਰੇ ਕਰਿਸ਼ਮੇ ਖ਼ਤਮ ਹੋ ਗਏ ਅਰਥਾਤ ਉਹ ਸਾਰੇ ਭਿੰਨ ਭਿੰਨ ਕਮਾਲਾਤ ਜੋ ਆਦਮ ਤੋਂ ਲੈਕੇ ਮਸੀਹ ਇਬਨੇ ਮਰਯੱਮ (ਹਜ਼ਰਤ ਈਸਾ ਅਲੈਹਿ ਸਲਾਮ) ਤੱਕ ਨਬੀਆਂ ਨੂੰ ਦਿੱਤੇ ਗਏ ਸਨ ਕਿਸੇ ਨੂੰ ਕੋਈ ਕਿਸੇ ਨੂੰ ਕੋਈ, ਉਹ ਸਾਰੇ ਦੇ ਸਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਵਿੱਚ ਇਕਤੱਰ ਕਰ ਦਿੱਤੇ ਗਏ ਅਤੇ ਇਸ'ਤੇ ਆਪ ਸੁਭਾਵਕ ਰੂਪ ਵਿੱਚ ਖ਼ਾਤਮੰਨਬੀਯੀਨ ਠਹਿਰੇ ਅਤੇ ਅਜਿਹਾ ਉਹ ਸਾਰੀਆਂ ਸਿੱਖਿਆਵਾਂ ਅਤੇ ਮਆਰਫ਼ਤ ਜੋ ਵੱਖ ਵੱਖ ਕਿਤਾਬਾਂ ਵਿੱਚ ਚਲੀਆਂ ਆਉਂਦੀਆਂ ਸਨ ਉਹ ਕੁਰਆਨ ਕਰੀਮ ਵਿੱਚ ਆਣਕੇ ਖ਼ਤਮ ਹੋ ਗਈਆਂ ਅਤੇ ਕੁਰਆਨ ਕਰੀਮ ਖ਼ਾਤਾਮੁਲ ਕੁਤੁਬ ਠਹਿਰਿਆ ।

ਸੋ, ਦੁਸ਼ਮਣ ਸਾਨੂੰ ਜੋ ਚਾਹੇ ਕਹਿੰਦਾ ਰਹੇ, ਸਾਡੇ ਉਪੱਰ ਜੋ ਚਾਹੇ ਆਰੋਪ ਲਾਉਦੇ ਰਹਿਣ, ਸਾਡੇ ਦਿਲਾਂ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਪਿਆਰ ਹੈ ਅਤੇ ਸਾਨੂੰ ਸਾਰਿਆਂ ਤੋਂ ਵੱਧ ਆਪ ਸਲਲੱਾਹੁ ਅਲੈਹਿ ਵਸਲਮ ਦੇ ਖ਼ਾਤਮੰਨ ਨਬੀਯੀਨ ਹੋਣ ਦਾ ਅਹਿਸਾਸ ਹੈ ਅਤੇ ਇਹ ਸਭ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਦਿਤੱਾ ਹੈ । ਅਲੱਾਹ ਤਆਲਾ ਕਰੇ ਕਿ ਅਸੀਂ ਦੁਸ਼ਮਣ ਦੇ ਹਰ ਹਮਲੇ ਤੇ ਜ਼ੁਲਮ ਦੇ ਬਾਦ ਪਹਿਲਾਂ ਤੋਂ ਵੱਧਕੇ ਆਪਣੇ ਇਮਾਨ ਵਿੱਚ ਵਧੱਦੇ ਚਲੇ ਜਾਣ ਵਾਲੇ ਹੋਈਏ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਪਹਿਲਾਂ ਤੋਂ ਵੱਧਕੇ ਦੁਰੂਦ ਭੇਜਣ ਵਾਲੇ ਹੋਈਏ ਤਾਂ ਜੋ ਮੁਸਲਮਾਨਾਂ ਨੂੰ ਵੀ ਆਪ ਦੇ ਇਸ ਉਚਿਤ ਮੁਕਾਮ ਦਾ ਸਹੀ ਅਨੁਮਾਨ ਹਾਸਲ ਹੋ ਸਕੇ ਅਤੇ ਇਹ ਭਟੱਕੇ ਹੋਏ ਮੁਸਮਲਮਾਨ ਵੀ ਸਿੱਧੇ ਮਾਰਗ ਉਪੱਰ ਆ ਜਾਣ ਅਤੇ ਦੁਨੀਆ ਵਿੱਚ ਵੀ ਇਸਲਾਮ ਦੀ ਖ਼ੂਬਸੂਰਤ ਸਿੱਖਿਆ ਫੈਲੇ ।

**Khulasa Khutba Jumma 16.12.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131